ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
ਬਲਾਕ ਈ,ਪੰਜਵੀ ਮੰਜਿਲ,ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ), ਫੇਜ਼ 8, ਐਸ.ਐਸ.ਏ ਨਗਰ (ਮੁਹਾਲੀ)

ਵੱਲ :

1.ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ), ਪੰਜਾਬ।
2. ਰਾਜ ਦੇ ਸਮੂਹ ਸਰਕਾਰੀ ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)।

ਮੀਮੋ ਨੰ: ਏ.ਐਮ./ ਮੀਡੀਆ/2016/11542
ਮਿਤੀ : 8/8/2016

ਵਿਸ਼ਾ : ਰਮਸਅ ਦੇ ਸਾਲਾਨਾ ਵਰਕ ਪਲਾਨ ਤੇ ਬਜਟ 2016-17 ਲਈ ਰਾਜ ਦੇ ਸਰਕਾਰੀ ਹਾਈ/ਸੀਨੀਅਰ ਸੈਕੰਡਰੀ 3456 ਸਕੂਲਾਂ ਲਈ ਜਾਰੀ ਕੀਤੇ ਜਾਣ ਵਾਲੀ ਸਾਲਾਨਾ ਸਕੂਲ ਗਰਾਂਟ ਸਬੰਧੀ।

1.0 ਉੱਕਤ ਵਿਸ਼ੇ ਸੰਬੰਧੀ ਸਮੂਹ ਜ਼ਿਲ੍ਹਿਆਂ ਦੇ ਸਾਰੇ 3456 ਸਰਕਾਰੀ ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਲਈ ਭਾਰਤ ਸਰਕਾਰ ਵੱਲੋਂ ਸਲਾਨਾ ਵਰਕ ਪਲਾਨ ਅਤੇ ਬਜਟ ਵਿੱਚ ਸਾਲ 2016-17 ਵਿੱਚ ਰੁਪਏ 50,000/- ਪ੍ਰਤੀ ਸਕੂਲ ਦੇ ਹਿਸਾਬ ਨਾਲ ਕੁੱਲ 1728.00 ਲੱਖ ਰੁਪਏ ਦੀ ਰਾਸ਼ੀ ਪ੍ਰਵਾਨ ਕੀਤੀ ਗਈ ਹੈ,ਜਿਸ ਤਹਿਤ 3456 ਸਕੂਲਾਂ ਨੂੰ ਰੁਪਏ 20,000/- ਪ੍ਰਤੀ ਸਕੂਲ ਦੇ ਹਿਸਾਬ ਨਾਲ 691.20 ਲੱਖ ਰੁਪਏ ਦੀ ਰਾਸ਼ੀ ਹੇਠ ਦਰਸਾਏ ਤਾਲਿਕਾ ਅਨੁਸਾਰ ਜ਼ਿਲ੍ਹਾ-ਵਾਈਜ਼ ਜਾਰੀ ਕੀਤੀ ਜਾਂਦੀ ਹੈ:-

| ਲੜੀ ਨੰ: | ਜ਼ਿਲ੍ਹਾ | ਸਕੂਲਾਂ ਦੀ ਗਿਣਤੀ ਜਿਨ੍ਹਾਂ ਨੂੰ ਹੁਣ ਸਕੂਲ ਗ੍ਰਾਂਟ ਜਾਰੀ ਕਰਨ ਦੀ ਤਜ਼ਵੀਜ਼ ਹੈ | ਪ੍ਰਤੀ ਸਕੂਲ ਰੁ.20,000/-ਦੇ ਹਿਸਾਬ ਨਾਲ ਦਿੱਤੀ ਜਾਣ ਵਾਲੀ ਕੁੱਲ ਰਾਸ਼ੀ |
|---|---|---|---|
| 1 | ਅੰਮ੍ਰਿਤਸਰ | 214 | 4280000 |
| 2 | ਬਰਨਾਲਾ | 88 | 1760000 |
| 3 | ਬਠਿੰਡਾ | 189 | 3780000 |
| 4 | ਫਰੀਦਕੋਟ | 80 | 1600000 |
| 5 | ਫਤਹਿਗੜ੍ਹ ਸਾਹਿਬ | 82 | 1640000 |
| 6 | ਫਾਜ਼ਿਲਕਾ | 134 | 2680000 |
| 7 | ਫਿਰੋਜ਼ਪੁਰ | 118 | 2360000 |
| 8 | ਗੁਰਦਾਸਪੁਰ | 199 | 3980000 |
| 9 | ਹੁਸ਼ਿਆਰਪੁਰ | 258 | 5160000 |
| 10 | ਜਲੰਧਰ | 262 | 5240000 |
| 11 | ਕਪੂਰਥਲਾ | 124 | 2480000 |
| 12 | ਲੁਧਿਆਣਾ | 333 | 6660000 |
| 13 | ਮਾਨਸਾ | 126 | 2520000 |
| 14 | ਮੋਗਾ | 157 | 3140000 |
| 15 | ਸ.ਅ.ਸ. ਨਗਰ | 100 | 2000000 |
| 16 | ਸ੍ਰੀ ਮੁਕਤਸਰ ਸਾਹਿਬ | 144 | 2880000 |
| 17 | ਸ.ਭ.ਸ.ਨਗਰ | 102 | 2040000 |
| 18 | ਪਠਾਨਕੋਟ | 76 | 1520000 |
| 19 | ਪਟਿਆਲਾ | 189 | 3780000 |
| 20 | ਰੂਪਨਗਰ | 105 | 2100000 |
| 21 | ਸੰਗਰੂਰ | 210 | 4200000 |
| 22 | ਤਰਨਤਾਰਨ | 166 | 3320000 |
| | ਕੁੱਲ ਜੋੜ | **3456** | 69120000 |

2.0 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ) ਉੱਕਤ ਤਾਲਿਕਾ ਵਿੱਚ ਦਰਸਾਏ ਅਨੁਸਾਰ ਰੁ 20,000/- ਪ੍ਰਤੀ ਸਕੂਲ ਦੇ ਹਿਸਾਬ ਨਾਲ ਸਾਰੇ ਸਰਕਾਰੀ ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਸਕੂਲ ਮੈਨੇਜਮੈਂਟ ਡਿਵੈਲਮੈਂਟ ਕਮੇਟੀਆਂ(SMC/SMDC) ਨੂੰ ਤੁਰੰਤ ਜਾਰੀ ਕਰ ਦਿੱਤੇ ਜਾਣ।

3.0 ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜ਼ਿਲ੍ਹਾ ਅਤੇ ਸਕੂਲ ਪੱਧਰ ਤੇ ਇਹਨਾਂ ਫੰਡਾਂ ਨੂੰ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਤਹਿਤ ਵੱਖਰੇ ਤੌਰ ਤੇ ਖੋਲ੍ਹੇ ਗਏ ਬੈਂਕ ਅਕਾਊਟ ਵਿੱਚ ਜਮ੍ਹਾਂ ਕਰਵਾਇਆ ਜਾਵੇਗਾ।

4.0 ਜ਼ਿਲ੍ਹਾ ਪੱਧਰ ਤੇ ਇਹ ਬੈਂਕ ਅਕਾਊਂਟ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ) ਅਤੇ ਜ਼ਿਲ੍ਹਾ ਪ੍ਰੋਜੈਕਟ ਕੋਆਰਡੀਨੇਟਰ ਰਮਸਅ ਦੋਵਾਂ ਦੇ ਹਸਤਾਖਰਾਂ ਹੇਠ ਓਪਰੇਟ ਕੀਤਾ ਜਾਵੇਗਾ।

5.0 ਪ੍ਰਤੀ ਸਕੂਲ ਰੁ: 20,000/- ਦੀ ਦਰ ਤੇ ਜਾਰੀ ਕੀਤੀ ਸਕੂਲ ਗਰਾਂਟ ਦੀ ਵਰਤੋਂ ਲਈ ਹੇਠ ਅਨੁਸਾਰ ਦਿਸ਼ਾ-ਨਿਰਦੇਸ਼ ਦਿੰਦੇ ਹੋਏ ਆਪ ਸਭ ਨੂੰ ਵਿਸ਼ੇਸ ਤੌਰ ਤੇ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਗ੍ਰਾਂਟ ਦੀ ਉਚਿਤ ਵਰਤੋਂ ਲਈ ਇਸ ਦਫ਼ਤਰ ਦੇ ਮੀਮੋ ਨੰ: ਏ.ਐਸ.ਪੀ.ਡੀ./ਰਮਸਅ/2013/005361 ਮਿਤੀ 30/10/2013 ਰਾਹੀਂ ਜਾਰੀ ਨਿਰਦੇਸ਼ਾਂ ਅਨੁਸਾਰ ਗਰਾਂਟ ਦੀ ਉਚਿੱਤ ਵਰਤੋਂ ਕਰਕੇ ਸਕੂਲ ਦੀਆਂ ਲੋੜਾਂ ਨੂੰ ਪੂਰਾ ਕੀਤਾ ਜਾਵੇ ਜੀ।

6.0 ਸਮੂਹ ਜ਼ਿਲ੍ਹਾਂ ਸਿੱਖਿਆ ਅਫ਼ਸਰ(ਸੈ.ਸਿੱ) ਵਲੋਂ ਸਕੂਲ ਪੱਧਰ ਤੇ ਜਾਰੀ ਕੀਤੀ ਗਈ ਸਾਲਾਨਾ ਸਕੂਲ ਗਰਾਂਟ ਦੀ ਵਰਤੋਂ 31 ਮਾਰਚ 2017 ਤੱਕ ਕਰਵਾ ਕੇ ਵਰਤੋਂ ਸਰਟੀਫਿਕੇਟ ਇਸ ਦਫ਼ਤਰ ਨੂੰ ਭੇਜਿਆ ਜਾਣਾ ਯਕੀਨੀ ਬਣਾਇਆ ਜਾਵੇ।

7.0 ਉਕਤ ਹਦਾਇਤਾ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ।**